੧ ੴ ਸਤਿਗੁਰ ਪ੍ਰਸਾਦਿ ॥

—:o:—

G-934

# ਗੁਰ-ਸਿਖ ਸਵਾਦ

ਬਰਕਤ ਅਲੀ ਰਬਾਬੀ

ਭਕਨਵੀ

ਕੀਮਤ ।=)

ਸਭ ਹੱਕ ਰਾਖਵੇਂ ਹਨ, ਬਿਨਾਂ ਆਗਿਆ ਕੋਈ ਨਾ ਛਾਪੇ ।

੧ ਓ ਸਤਿਗੁਰ ਪ੍ਰਸਾਦਿ ॥

# ਗੁਰ-ਸੋਭਾ ਸਾਗਰ

ਕਰਤਾ ਤੇ ਪ੍ਰਕਾਸ਼ਕ

**ਭਾਈ ਬਰਕਤ ਅਲੀ ਰਬਾਬੀ**

**ਅਲਮਾਰੂਫ਼ 'ਸਿੰਧੀ'**

**ਭਕਨਾ ਖ਼ੁਰਦ ਡਾਕਖ਼ਾਨਾ ਭਕਨਾ ਕਲਾਂ**

**ਜ਼ਿਲਾ ਅੰਮ੍ਰਿਤਸਰ**

'ਅੰਮ੍ਰਿਤ ਪ੍ਰਿੰਟਿੰਗ ਪ੍ਰੈਸ', ਸ੍ਰੀ ਤਰਨ ਤਾਰਨ ਵਿਚ
ਗਿਆਨੀ ਭਜਨ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ
ਪ੍ਰਬੰਧ ਨਾਲ ਛਪਿਆ ॥

ਪਹਿਲੀ ਵਾਰ ੧੦੦੦ ਕੀਮਤ ।।=)

22956

੧ ੳ ਸਤਿਗੁਰ ਪ੍ਰਸਾਦਿ ॥

—:o:—

# ਅਰੰਭਕ ਬੇਨਤੀ

ਰਾਗ ਰੂਹ ਦੀ ਗਿਜ਼ਾ ਹੈ। ਬੱਚਾ ਬੁੱਢਾ ਅਮੀਰ ਗ਼ਰੀਬ ਕੋਈ ਅਜਿਹਾ ਨਹੀਂ ਜੋ ਰਾਗ ਦੇ ਅਸਰ ਤੋਂ ਇਨਕਾਰ ਕਰ ਸਕੇ। ਏਥੇ ਹੀ ਬੱਸ ਨਹੀਂ, ਪਸ਼ੂ ਪੰਛੀ ਵੀ ਮਿੱਠੀ ਸੁਰ ਤੇ ਮੋਹਤ ਹੋ ਅਪਣੇ ਪ੍ਰਾਣਾਂ ਤੱਕ ਦੀ ਪਰਵਾਹ ਨਹੀਂ ਕਰਦੇ। ਭਾਰਤ ਵਰਸ਼ ਦੇ ਰਿਸ਼ੀ ਰਾਗ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਇਹੀ ਕਾਰਣ ਹੈ ਜੁ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਤਕਰੀਬਨ ਸਾਰੀਆਂ ਦੀਆਂ ਸਾਰੀਆਂ ਸੰਗੀਤ ਵਿੱਚ ਹੀ ਮਿਲਦੀਆਂ ਹਨ। ਭਾਰਤ ਦੀ ਡੁਬਦੀ ਬੇੜੀ ਨੂੰ ਬੰਨੇ ਲਾਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤਥਾ ਆਪ ਦੀ ਗੱਦੀ ਨੇ ਤਾਂ ਰਾਗ ਦੀ ਮਹੱਤਤਾ ਨੂੰ ਇਤਨਾ ਮਹਿਸੂਸ ਕੀਤਾ ਹੈ ਜੁ ਆਪ ਦੀ ਸਮੂਹ ਬਾਣੀ, ਜਿਸਦੇ ਸੰਗੀਤ ਵਿੱਚ ਉਚਾਰੇ ਜਾਣ ਦੇ ਅਸਰ ਰੇਠਾ ਸਾਹਿਬ ਆਦਿ ਸਥਾਨਾਂ ਵਿੱਚ ਪ੍ਰਕਿਰਤਕ ਮੰਡਲ ਵਿੱਚ ਵੀ ਪ੍ਰਤੱਖ ਹਨ, ਰਾਗ ਵਿੱਚ ਹੀ ਸਾਨੂੰ ਪ੍ਰਦਾਨ ਹੋਈ ਹੈ। ਸਾਇੰਸ ਦੀ ਨਵੀਂ ਖੋਜ ਨੇ ਤਾਂ ਰਾਗ ਦੁਆਰਾ ਲਾਇਲਾਜ ਮਰਜ਼ਾਂ ਦਾ ਇਲਾਜ ਕਰਕੇ ਇਸ ਦੀ ਸ਼ੁਹਰਤ ਨੂੰ ਚਾਰ ਚੰਨ ਲਾ ਦਿੱਤੇ ਹਨ। ਗੱਲ ਕੀ, ਮਾਦਾ ਪ੍ਰਸਤ ਤੇ ਆਤਮਾ ਪ੍ਰਸਤ—ਦੋਵੇਂ ਧੜੇ ਰਾਗ ਦੀ ਉਪਮਾਂ ਵਿੱਚ ਇੱਕ-ਜ਼ਬਾਨ ਨੇ।



ਸਿੱਖਾਂ ਵਿੱਚ ਕੀਰਤਨ ਦਾ ਆਮ ਰਿਵਾਜ ਹੈ; ਪਰ ਕੀਰਤਨ ਅਮੂਮਨ ਗੁਰਦੁਆਰਿਆਂ ਜਾਂ ਬਾਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੀ ਕੀਤਾ ਜਾਂਦਾ ਹੈ। ਮਜਲਸਾਂ, ਪਾਰਟੀਆਂ ਤੇ ਹੋਰ ਅਜਿਹੇ ਇਕੱਠਾਂ ਵਿੱਚ ਗੁਰਬਾਣੀ ਦਾ ਕੀਰਤਨ ਨਹੀਂ ਕੀਤਾ ਜਾ ਸਕਦਾ। ਪਰ ਰਾਗ ਬਿਨਾਂ ਮਜਲਸ ਸੋਭਾ ਨਹੀਂ ਪਾਉਂਦੀ ਤੇ ਇਸ ਫੰਕਸ਼ਨ ਨੂੰ ਪੂਰਿਆਂ ਕਰਨ ਲਈ ਚੰਗੇ ਖ਼ਿਆਲਾਂ ਦੀ ਗੈਰ ਹਾਜ਼ਰੀ ਵਿੱਚ ਗਵਈਏ ਕਈ ਵੇਰ ਨਾ ਮੌਜ਼ੂੰ ਗ਼ਜ਼ਲਾਂ ਆਦ ਸੁਣਾਣ ਲਈ ਮਜਬੂਰ ਹੁੰਦੇ ਹਨ। ਭੇਟਾਂ ਦੇ ਗਾਣ ਲਈ ਜੋ ਗੀਤਾਂ ਦੀਆਂ ਪੁਸਤਕਾਂ ਬਾਜ਼ਾਰਾਂ ਵਿੱਚ ਆਮ ਮਿਲਦੀਆਂ ਹਨ, ਉਨ੍ਹਾਂ ਤੋਂ ਤਾਂ ਰੱਬ ਹੀ ਬਚਾਵੇ, ਉਨ੍ਹਾਂ ਨੂੰ ਗਾ ਯਾ ਸੁਣ ਕੇ ਤਾਂ ਸਾਨੂੰ ਮਿਸ ਮਿਓ ਦੇ ਸਾਡੀ ਤਹਿਜ਼ੀਬ ਦੇ ਬਰਖ਼ਿਲਾਫ਼ ਪੁਸਤਕ ਲਿਖਣ ਤੇ ਕੋਈ ਅਫ਼ਸੋਸ ਨਹੀਂ ਰਹਿੰਦਾ। ਮੈਂ ਇਨ੍ਹਾਂ ਗੱਲਾਂ ਨੂੰ ਚਿਰ ਤੋਂ ਮਹਿਸੂਸ ਕਰ ਰਿਹਾ ਸਾਂ, ਪਰ ਹਾਲਾਤ ਆਗਿਆ ਨਹੀਂ ਸਨ ਦੇਂਦੇ ਜੁ ਇਸ ਲੋੜ ਨੂੰ ਪੂਰਾ ਕਰਨ ਵਾਲੀ ਪੁਸਤਕ ਭੇਟਾਂ ਤੇ ਭਗਵਾਂ ਦੀ ਭੇਟਾ ਕਰ ਸਕਾਂ।

ਹੁਣ ਇੱਕ ਦੋ ਮਿੱਤ੍ਰਾਂ ਦੇ ਹੌਂਸਲਾ ਦਿਵਾਉਣ ਅਤੇ ਸਹਾਇਤਾ ਕਰਨ ਤੇ ਇਹ ਨਿੱਕੀ ਜਿਹੀ ਪੁਸਤਕ ਛਪਵਾਈ ਹੈ ਜਿਸ ਦੇ ਦੋ ਹਿੱਸੇ ਹਨ। ਪਹਿਲੇ ਹਿੱਸੇ ਵਿੱਚ ਮੁਖ਼ਤਲਿਫ਼ ਰਾਗਾਂ ਵਿੱਚ ਗੁਰੂ ਸਾਹਿਬਾਨ ਦੀ ਸ਼ਾਨ ਵਿੱਚ ਖ਼ਿਆਲ ਲਿਖੇ ਹਨ ਜਿਨ੍ਹਾਂ ਨੂੰ ਗਾਏ ਜਾਣ ਲਈ ਓਤੇ ਮੁਨਾਸਬ ਹਦਾਇਤਾਂ ਦਿੱਤੀਆਂ ਹਨ। ਦੂਜੇ ਹਿੱਸੇ ਵਿੱਚ ਰਾਗ ਸੰਬੰਧੀ ਕੁਝ ਹਦਾਇਤਾਂ ਹਨ। ਇਨ੍ਹਾਂ ਦੀ ਬਾਬਤ ਹੋਰ ਕੁਝ ਅਤੇ ਲਿਖਣ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.